**ਅਕਾਦਮਿਕ ਸਾਲ (2024-25)**

ਅਰਥ ਸ਼ਾਸਤਰ (ਹਿਊਮੈਨੀਟੀਜ਼/ਕਾਮਰਸ)

# ਸ਼੍ਰੇਣੀ-ਬਾਰ੍ਹਵੀਂ

## ਮਾਡਲ ਪ੍ਰਸ਼ਨ ਪੱਤਰ

**(DA ਵਿਦਿਆਰਥੀਆਂ ਲਈ)**

ਸਮਾਂ: 3 ਘੰਟੇ ਕੁੱਲ ਅੰਕ: 80

ਆਮ ਹਦਾਇਤਾਂ:

1. ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 4 ਪ੍ਰਸ਼ਨ ਹਨ।
2. ਸਾਰੇ ਸਵਾਲ ਲਾਜ਼ਮੀ ਹਨ।
3. ਸਧਾਰਨ ਕੈਲਕੁਲੇਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਪ੍ਰ.1. ਇਸ ਪ੍ਰਸ਼ਨ ਦੇ 20 ਉਪ ਭਾਗ ਹਨ, ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਠੀਕ ਉੱਤਰ ਦੇ ਦੋ ਅੰਕ ਹੋਣਗੇ।

20×2=40

1. ਅਰਥਸ਼ਾਸਤਰ ਦੀ ਕਿਹੜੀ ਸ਼ਾਖਾ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਕੰਮਕਾਜ ਨਾਲ ਸੰਬੰਧਿਤ ਹੈ?

   (ੳ)ਵਿਅਸ਼ਟੀ ਅਰਥਸ਼ਾਸਤਰ (ਅ) ਸਮਸ਼ਟੀ ਅਰਥਸ਼ਾਸਤਰ

   (ੲ) ਆਰਥਿਕ ਵਿਗਿਆਨ (ਸ) ਇਹਨਾਂ ਵਿੱਚੋਂ ਕੋਈ ਨਹੀਂ

2. ਖੰਡ ਦੇ ਉਤਪਾਦਨ ਵਿੱਚ, ਗੰਨਾ ਕਿਸ ਕਿਸਮ ਦੀ ਵਸਤੂ ਹੈ?

   (ੳ) ਅੰਤਿਮ ਵਸਤੂ (ਅ) ਪੂੰਜੀਗਤ ਵਸਤੂ

   (ੲ) ਮੱਧਵਰਤੀ ਵਸਤੂ (ਸ) ਇਹਨਾਂ ਵਿੱਚੋਂ ਕੋਈ ਨਹੀਂ

3. ਹੇਠਾਂ ਦਿੱਤੇ ਕਥਨਾਂ ਨਾਲ ਸਹੀ ਦਾ ਮਿਲਾਨ ਕਰੋ।

| ਆਰਥਿਕ ਸੰਕਲਪ | ਵਿਆਖਿਆ |
|---|---|
| a) ਅਸਲ ਪ੍ਰਵਾਹ | (i) ਮੁਦਰਾ ਦਾ ਪ੍ਰਵਾਹ |
| b) ਮੌਦਰਿਕ ਪ੍ਰਵਾਹ | (ii) ਵਸਤੂਆਂ ਅਤੇ ਸੇਵਾਵਾਂ ਦਾ ਪ੍ਰਵਾਹ |
| c) ਵਾਪਸੀ ਜਾਂ ਰਿਸਾਵ | (iii) ਆਮਦਨ ਅਤੇ ਉਤਪਾਦਨ ਦੇ ਚੱਕਰੀ ਪ੍ਰਵਾਹ ਵਿੱਚ ਵਾਧਾ |
| d) ਸਮਾਵੇਸ਼ | (iv) ਆਮਦਨ ਅਤੇ ਉਤਪਾਦਨ ਦੇ ਚੱਕਰੀ ਪ੍ਰਵਾਹ ਵਿੱਚ ਕਮੀ |

| | (a) | (b) | (c) | (d) |
|---|---|---|---|---|
| (ੳ) | i | iv | ii | iii |
| (ਅ) | ii | i | iv | iii |
| (ੲ) | iii | i | iv | ii |
| (ਸ) | i | ii | iii | iv |

4. ਉਹ ਪ੍ਰਣਾਲੀ ਜਿਸ ਵਿੱਚ ਵਸਤੂਆਂ ਦੇ ਬਦਲੇ ਵਸਤੂਆਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ ਉਸਨੂੰ .......... ਕਿਹਾ ਜਾਂਦਾ ਹੈ।

   (ੳ) ਵਟਾਂਦਰਾ ਪ੍ਰਣਾਲੀ (ਅ) ਵਸਤੂ ਲਈ ਵਸਤੂ

   (ੲ) ਵਸਤੂ ਵਟਾਂਦਰਾ ਪ੍ਰਣਾਲੀ (ਸ) ਹਸਤਾਂਤਰਣ ਪ੍ਰਣਾਲੀ

5. ਕਿਸ ਬੈਂਕ ਨੂੰ ਮੁਦਰਾ ਜਾਰੀ ਕਰਨ ਦਾ ਅਧਿਕਾਰ ਹੈ?

   (ੳ) ਕੇਂਦਰੀ ਬੈਂਕ (ਅ) ਵਪਾਰਕ ਬੈਂਕ

   (ੲ) ਸਹਿਕਾਰੀ ਬੈਂਕ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

6. ਜੇਕਰ ਕੋਈ ਵਿਅਕਤੀ ਕੰਮ ਕਰਨ ਲਈ ਤਿਆਰ ਹੈ, ਪਰ ਉਸਨੂੰ ਕੰਮ ਨਹੀਂ ਮਿਲਦਾ ਤਾਂ ਇਸ ਸਥਿਤੀ ਨੂੰ..... ਕਿਹਾ ਜਾਂਦਾ ਹੈ।

(ੳ) ਸੰਘਰਸ਼ਾਤਮਕ ਬੇਰੁਜ਼ਗਾਰੀ (ਅ) ਸਰੰਚਨਾਤਮਕ ਬੇਰੁਜ਼ਗਾਰੀ

(ੲ) ਅਣ-ਇਛੱਕ ਬੇਰੁਜ਼ਗਾਰੀ (ਸ) ਇਹਨਾਂ ਵਿੱਚੋਂ ਕੋਈ ਨਹੀਂ

7. ਘੱਟ ਮੰਗ ਅਤੇ ਵਾਧੂ ਮੰਗ ਦੀਆਂ ਸਮੱਸਿਆਵਾਂ ਨੂੰ ਠੀਕ ਕਰਨ ਲਈ ਹੇਠਾਂ ਦਿੱਤੇ ਵਿੱਚੋਂ ਕਿਹੜਾ ਵਿੱਤੀ ਉਪਾਅ ਨਹੀਂ ਹੈ?

(ੳ) ਸਰਕਾਰੀ ਖਰਚੇ (ਅ) ਸਰਕਾਰੀ ਆਮਦਨ

(ੲ) ਵਿਦੇਸ਼ੀ ਨੀਤੀ (ਸ) ਵਿੱਤੀ ਘਾਟਾ

8. ਟੈਕਸ ..................ਹੈ।

(ੳ) ਇੱਕ ਸਵੈ-ਇੱਛਤ ਭੁਗਤਾਨ (ਅ) ਇੱਕ ਲਾਜ਼ਮੀ ਭੁਗਤਾਨ

(ੲ) ਇੱਕ ਕਾਨੂੰਨੀ ਭੁਗਤਾਨ (ਸ) ਇਹ ਸਾਰੇ

9. ਭੌਤਿਕ ਵਸਤੂਆਂ ਦੇ ਆਯਾਤ ਅਤੇ ਨਿਰਯਾਤ ਦੇ ਮੁੱਲ ਵਿੱਚ ਅੰਤਰ ਨੂੰ .......... ਕਿਹਾ ਜਾਂਦਾ ਹੈ।

(ੳ) ਭੁਗਤਾਨ ਸੰਤੁਲਨ (ਅ) ਵਪਾਰ ਸੰਤੁਲਨ

(ੲ) ਸਰਕਾਰੀ ਸੰਤੁਲਨ (ਸ) ਇਹਨਾਂ ਵਿੱਚੋਂ ਕੋਈ ਨਹੀਂ

10. ਭਾਰਤ ਦੀ ਆਜ਼ਾਦੀ ਦੇ ਸਮੇਂ ਭਾਰਤੀ ਅਰਥਵਿਵਸਥਾ ਵਿੱਚ ਹੇਠ ਲਿਖੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਮੌਜੂਦ ਸਨ?

(ੳ) ਅਲਪਵਿਕਸਿਤ ਅਰਥਵਿਵਸਥਾ (ਅ) ਗਤੀਹੀਣ ਅਰਥਵਿਵਸਥਾ

(ੲ) ਅਰਧ-ਸਾਮੰਤੀ ਅਰਥਵਿਵਸਥਾ (ਸ) ਇਹ ਸਾਰੇ

11. ਨੀਤੀ ਆਯੋਗ ਦਾ ਮੁੱਖੀ ਕੌਣ ਹੁੰਦਾ ਹੈ?

(ੳ) ਦੇਸ਼ ਦਾ ਵਿੱਤ ਮੰਤਰੀ (ਅ) ਦੇਸ਼ ਦਾ ਰਾਸ਼ਟਰਪਤੀ

(ੲ) ਦੇਸ਼ ਦਾ ਪ੍ਰਧਾਨ ਮੰਤਰੀ (ਸ) ਇਹਨਾਂ ਵਿੱਚੋਂ ਕੋਈ ਵੀ

12. ਹੇਠਾਂ ਦਿੱਤੇ ਕਥਨਾਂ ਨਾਲ ਸਹੀ ਮੇਲ ਨਹੀਂ ਖਾਂਦਾ।

| ਤੱਥ | ਸਾਲ |
|---|---|
| ਹਰੀ ਕ੍ਰਾਂਤੀ | 1948 |
| ਨਵੀਂ ਖੇਤੀਬਾੜੀ ਨੀਤੀ | 1956 |
| ਪਹਿਲੀ ਉਦਯੋਗਿਕ ਨੀਤੀ | 1966 |
| ਦੂਜੀ ਉਦਯੋਗਿਕ ਨੀਤੀ | 2000 |

| | (a) | (b) | (c) | (d) |
|---|---|---|---|---|
| (ੳ) | i | ii | iv | iii |
| (ਅ) | ii | i | iv | iii |
| (ੲ) | iv | iii | ii | i |
| (ਸ) | ii | iii | iv | i |

13. ਨਵੀਂ ਆਰਥਿਕ ਨੀਤੀ ਤੋਂ ਬਾਅਦ ਭਾਰਤੀ ਅਰਥਵਿਵਸਥਾ ਵਿੱਚ ਸਰਵਜਨਕ ਖੇਤਰ ਦੀ ਭੂਮਿਕਾ ਬਹੁਤ ਸੀਮਿਤ ਹੋ ਗਈ ਹੈ। (ਸਹੀ/ਗਲਤ)

14. ਪੇਂਡੂ ਗਰੀਬਾਂ ਵਿੱਚ ਹੇਠ ਲਿਖੇ ਵਿੱਚੋਂ ਕੌਣ ਸ਼ਾਮਲ ਹਨ?

(ੳ) ਬੇਜ਼ਮੀਨੇ ਅਤੇ ਸੀਮਾਂਤ ਕਿਸਾਨ (ਅ) ਖੇਤੀਬਾੜੀ ਮਜ਼ਦੂਰ

(ੲ) ਪੇਂਡੂ ਕਾਰੀਗਰ (ਸ) ਇਹ ਸਾਰੇ

15. ਹੇਠਾਂ ਦਿੱਤੇ ਵਿੱਚੋਂ ਕਿਹੜਾ ਸਾਖ਼ ਦਾ ਸੰਸਥਾਗਤ ਸਰੋਤ ਹੈ?

(ੳ) ਵਪਾਰਕ ਬੈਂਕ (ਅ) ਖੇਤਰੀ ਗ੍ਰਾਮੀਣ ਬੈਂਕ

(ੲ) ਸਹਿਕਾਰੀ ਬੈਂਕ (ਸ) ਇਹ ਸਾਰੇ

16. ਮਨੁੱਖੀ ਪੂੰਜੀ ਨਿਰਮਾਣ ਦਾ ਨਿਰਣਾਇਕ ਹੇਠ ਲਿਖਿਆਂ ਵਿੱਚੋਂ ਕਿਹੜਾ ਹੈ?

(ੳ)ਸਿੱਖਿਆ ਦਾ ਪ੍ਰਸਾਰ (ਅ) ਬਿਹਤਰ ਸਿਹਤ ਸਹੂਲਤਾਂ

(ੲ) ਪਰਵਾਸ (ਸ) ਇਹ ਸਾਰੇ

17. ਭਾਰਤ ਵਿੱਚ ਹੇਠ ਲਿਖੀਆਂ ਵਿੱਚੋਂ ਕਿਹੜੀ ਬੇਰੁਜ਼ਗਾਰੀ ਪਾਈ ਜਾਂਦੀ ਹੈ?

(ੳ)ਮੌਸਮੀ ਬੇਰੋਜ਼ਗਾਰੀ (ਅ) ਸਿੱਖਿਅਤ ਬੇਰੋਜ਼ਗਾਰੀ

(ੲ) ਛੁੱਪੀ ਹੋਈ ਬੇਰੋਜ਼ਗਾਰੀ (ਸ) ਇਹ ਸਾਰੇ

18. ਭਾਰਤ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਊਰਜਾ ਦਾ ਇੱਕ ਮਹੱਤਵਪੂਰਨ ਰਵਾਇਤੀ ਸਰੋਤ ਹੈ?

(ੳ)ਪੈਟਰੋਲੀਅਮ (ਅ) ਕੋਲਾ

(ੲ) ਕੁਦਰਤੀ ਗੈਸ (ਸ) ਇਹ ਸਾਰੇ

19. ਹੇਠਾਂ ਦਿੱਤੇ ਕਥਨਾਂ ਨਾਲ ਸਹੀ ਮੇਲ ਕਰੋ।

| ਸਹਿਸਬੰਧ ਦੀ ਕਿਸਮ | ਸਹਿਸਬੰਧ ਦੀ ਵਿਆਖਿਆ |
|---|---|
| (a) ਸਕਾਰਾਤਮਕ ਸਹਿਸਬੰਧ | (i) ਦੋ ਚਰਾਂ ਵਿੱਚ ਵਿਪਰੀਤ ਦਿਸ਼ਾ ਵਿੱਚ ਬਦਲਾਅ |
| (b) ਨਕਾਰਾਤਮਕ ਸਹਿਸਬੰਧ | (ii) ਦੋ ਚਰਾਂ ਵਿੱਚ ਅਨੁਪਾਤ ਸਥਿਰ ਰਹਿੰਦਾ ਹੈ |
| (c) ਸਧਾਰਨ ਸਹਿਸਬੰਧ | (iii) ਦੋ ਚਰਾਂ ਵਿੱਚ ਸਮਾਨ ਦਿਸ਼ਾ ਵਿੱਚ ਬਦਲਾਅ |
| (d) ਰੇਖੀ ਸਹਿਸਬੰਧ | (iv) ਦੋ ਚਰਾਂ ਵਿੱਚ ਸਹਿਸਬੰਧ ਦਾ ਵਿਸ਼ਲੇਸ਼ਣ |

| | (a) | (b) | (c) | (d) |
|---|---|---|---|---|
| (ੳ) | i | ii | iii | iv |
| (ਅ) | iv | iii | ii | i |
| (ੲ) | iii | i | iv | ii |
| (ਸ) | iv | i | iii | ii |

20. ਹੇਠਾਂ ਵਿੱਚੋਂ ਕਿਹੜੀ ਸੂਚਕ ਅੰਕ ਦੀ ਕਿਸਮ ਨਹੀਂ ਹੈ?

(ੳ) ਰਹਿਣ-ਸਹਿਣ ਦੀ ਲਾਗਤ ਸੂਚਕ ਅੰਕ (ਅ) ਪਰਚੂਨ ਕੀਮਤ ਸੂਚਕ ਅੰਕ

(ੲ) ਥੋਕ ਕੀਮਤ ਸੂਚਕ ਅੰਕ (ਸ) ਸਧਾਰਨ ਸੂਚਕ ਅੰਕ

**ਪ੍ਰਸ਼ਨ 2. ਇਸ ਪ੍ਰਸ਼ਨ ਦੇ 10 ਉਪ ਭਾਗ ਹਨ, ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਠੀਕ ਉੱਤਰ ਦੇ ਦੋ ਅੰਕ ਹੋਣਗੇ।**

$10 \times 2 = 20$

- **i.** ਮੁਦਰਾ ਪੂਰਤੀ ਨੂੰ ਇੱਕ ............ ਚਰ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। (ਸਟਾਕ/ਪ੍ਰਵਾਹ)
- **ii.** ਰਾਸ਼ਟਰੀ ਆਮਦਨ ਦਾ ਮਾਪ ............ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਕੀਤਾ ਜਾਂਦਾ ਹੈ। (ਇੱਕ/ਦੋ)
- **iii.** ਕੇਨਜ਼ ਦੇ ਮੁਤਾਬਿਕ ਅਰਥਵਿਵਸਥਾ ਵਿੱਚ ਪੂਰਨ ਮੁਕਾਬਲਾ ਬਜ਼ਾਰ ਪਾਇਆ ਜਾਂਦਾ ਹੈ। (ਸਹੀ/ਗਲਤ)
- **iv.** ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 1 ਤੋਂ ਵੱਧ ਹੋ ਸਕਦਾ ਹੈ। (ਸਹੀ/ਗਲਤ)
- **v.** ਭਾਰਤੀ ਖੇਤੀਬਾੜੀ ਨੂੰ ਇੱਕ .......... ਖੇਤੀਬਾੜੀ ਕਿਹਾ ਜਾਂਦਾ ਹੈ। (ਵਿਕਸਿਤ/ਅਲਪਵਿਕਸਿਤ)
- **vi.** ਭਾਰਤੀ ਕਿਸਾਨਾਂ ਨੂੰ ਖੇਤੀਬਾੜੀ ਮੰਡੀਕਰਨ ਵਿੱਚ ਕਿਸੇ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਹੈ। (ਸਹੀ/ਗਲਤ)
- **vii.** ਧਾਰਨੀ ਵਿਕਾਸ ਇੱਕ ..................... ਪ੍ਰਕਿਰਿਆ ਹੈ। (ਅਲਪਕਾਲੀਨ/ਦੀਰਘਕਾਲੀਨ)
- **viii.** ਭਾਰਤੀ ਸਿੱਖਿਆ ਪ੍ਰਣਾਲੀ ਨੂੰ ਕਿੱਤਾ ਮੁੱਖੀ ਸਿੱਖਿਆ ਪ੍ਰਣਾਲੀ ਕਿਹਾ ਜਾ ਸਕਦਾ ਹੈ। (ਸਹੀ/ਗਲਤ)
- **ix.** ਸਹਿਸੰਬੰਧ ਗੁਣਾਂਕ ਦਾ ਮੁੱਲ -1 ਤੋਂ +1 ਦੇ ਵਿਚਕਾਰ ਹੁੰਦਾ ਹੈ। (ਸਹੀ/ਗਲਤ)
- **x.** ਆਮਤੌਰ ਤੇ ਸੂਚਕ ਅੰਕ ............ ਕੀਮਤਾਂ ਦੇ ਅਧਾਰ ਤੇ ਬਣਾਏ ਜਾਂਦੇ ਹਨ। (ਪਰਚੂਨ/ਥੋਕ)

ਪ੍ਰਸ਼ਨ 3 ਸਰੋਤ ਆਧਾਰਿਤ ਸਵਾਲ। ਹੇਠਾਂ ਦਿੱਤੇ ਪੈਰੇ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਦਿਓ। 4X2=8

ਸਿੱਖਿਆ ਗਿਆਨ ਪ੍ਰਦਾਨ ਕਰਨ, ਹੁਨਰਾਂ ਨੂੰ ਵਧਾਉਣ ਅਤੇ ਮਨੁੱਖਾਂ ਵਿੱਚ ਕਦਰਾਂ-ਕੀਮਤਾਂ ਪੈਦਾ ਕਰਨ ਦੀ ਗੁਣਾਤਮਕ ਪ੍ਰਕਿਰਿਆ ਹੈ। ਆਮ ਵਿਸ਼ਵਾਸ ਦੇ ਵਿਰੁੱਧ, ਇਹ ਪੜ੍ਹਨ, ਲਿਖਣ ਜਾਂ ਸਮਝਣ ਦੀ ਸਮਰੱਥਾ ਨਾਲੋਂ ਬਹੁਤ ਜ਼ਿਆਦਾ ਹੈ। ਇਹ ਮਨੁੱਖ ਦੇ ਜੀਵਨ ਵਿੱਚ ਇੱਕ ਸ਼ੁਰੂਆਤੀ ਪਰਿਵਰਤਨ ਦੀ ਸ਼ੁਰੂਆਤ ਕਰਨ ਦਾ ਇੱਕ ਸਾਧਨ ਹੈ। 1951 ਵਿੱਚ, ਭਾਰਤ ਵਿੱਚ ਸਾਖਰਤਾ ਦਰ ਸਿਰਫ਼ 18.3% ਸੀ ਜੋ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, 2011 ਵਿੱਚ 74.04% ਤੱਕ ਸੁਧਰ ਗਈ। 2011 ਵਿੱਚ, ਮਰਦ ਸਾਖਰਤਾ ਦਰ 82.14% ਅਤੇ ਔਰਤਾਂ ਦੀ ਸਾਖਰਤਾ ਦਰ 65.46% ਸੀ। ਰਾਜਾਂ ਵਿੱਚੋਂ, 2011 ਵਿੱਚ ਸਭ ਤੋਂ ਵੱਧ ਸਾਖਰਤਾ ਦਰ ਕੇਰਲ ਲਈ 93.9% ਸੀ, ਜਦੋਂ ਕਿ ਬਿਹਾਰ ਲਈ ਇਹ ਸਭ ਤੋਂ ਘੱਟ 63.8% ਸੀ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, 2011 ਵਿੱਚ ਪੰਜਾਬ ਵਿੱਚ ਸਾਖਰਤਾ ਦਰ 76.7% ਸੀ। ਰਾਜ ਲਈ ਮਰਦ ਸਾਖਰਤਾ ਦਰ ਅਤੇ ਔਰਤਾਂ ਦੀ ਸਾਖਰਤਾ ਦਰ ਕ੍ਰਮਵਾਰ 81.5% ਅਤੇ 71.3% ਸੀ।

i. ਸਿੱਖਿਆ ਕੀ ਹੈ?
ii. ਭਾਰਤ ਵਿੱਚ 1951 ਵਿੱਚ ਸਾਖਰਤਾ ਦਰ ਕਿੰਨੀ ਸੀ?
iii. ਭਾਰਤ ਵਿੱਚ 2011 ਵਿੱਚ ਕਿਸ ਰਾਜ ਵਿੱਚ ਸਭ ਤੋਂ ਵੱਧ ਸਾਖਰਤਾ ਦਰ ਹੈ?
iv. 2011 ਵਿੱਚ ਪੰਜਾਬ ਵਿੱਚ ਸਾਖਰਤਾ ਦਰ ਕਿੰਨੀ ਸੀ?

ਪ੍ਰਸ਼ਨ 4: ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਕਿਸੇ ਚਾਰ ਪ੍ਰਸ਼ਨਾਂ ਦਾ ਉੱਤਰ ਪ੍ਰਦਾਨ ਕਰੋ। ਪ੍ਰਸ਼ਨਾਂ ਦੇ ਜਵਾਬ 30-40 ਸ਼ਬਦਾਂ ਵਿੱਚ ਹੋ ਸਕਦੇ ਹਨ। 4X3=12

i. ਦੋ ਖੇਤਰੀ ਮਾਡਲ ਵਿੱਚ ਆਮਦਨ ਦੇ ਚੱਕਰੀ ਪ੍ਰਵਾਹ ਦਾ ਵਰਣਨ ਕਰੋ।
ii. ਇੱਕ ਅਰਥਵਿਵਸਥਾ ਵਿੱਚ ਰਾਸ਼ਟਰੀ ਆਮਦਨ 40000 ਕਰੋੜ ਰੁਪਏ ਹੈ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 0.50 ਹੈ। ਜੇਕਰ 1200 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਂਦਾ ਹੈ, ਤਾਂ ਕੁੱਲ ਰਾਸ਼ਟਰੀ ਆਮਦਨ ਕਿੰਨੀ ਹੋਵੇਗੀ?
iii. ਕੇਂਦਰੀ ਬੈਂਕ ਦੇ ਕਿਸੇ ਵੀ ਤਿੰਨ ਕਾਰਜਾਂ ਦੀ ਵਿਆਖਿਆ ਕਰੋ।
iv. ਇੱਕ ਚਿੱਤਰ ਦੀ ਮਦਦ ਨਾਲ ਇੱਕ ਅਰਥਵਿਵਸਥਾ ਵਿੱਚ ਘੱਟ ਮੰਗ ਦੀ ਸਥਿਤੀ ਦੀ ਵਿਆਖਿਆ ਕਰੋ।
v. ਤੁਸੀਂ ਕਿਵੇਂ ਕਹਿ ਸਕਦੇ ਹੋ ਕਿ 1947 ਵਿੱਚ ਭਾਰਤੀ ਅਰਥਵਿਵਸਥਾ ਇੱਕ ਸਥਿਰ ਅਰਥਵਿਵਸਥਾ ਸੀ?
vi. ਉਦਯੋਗਿਕ ਨੀਤੀ, 1991 ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਲਿਖੋ।
vii. ਭਾਰਤ ਵਿੱਚ ਪੇਂਡੂ ਕਰਜ਼ੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਤਿੰਨ ਉਪਾਅ ਸੁਝਾਓ।
viii. ਪ੍ਰਦੂਸ਼ਣ ਤੋਂ ਤੁਹਾਡਾ ਕੀ ਮਤਲਬ ਹੈ? ਇਸ ਦੀਆਂ ਵੱਖ-ਵੱਖ ਕਿਸਮਾਂ ਕਿਹੜੀਆਂ ਹਨ?